# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
## ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ**
**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ**

ਮੀਮੋ ਨੰ: ਆਈ.ਈ.ਡੀ./ਸਸਅ/2012/73722-761, ਮਿਤੀ: 08-02-2012

ਵਿਸ਼ਾ: **ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਰਵ ਸਿੱਖਿਆ ਅਭਿਆਨ ਦੇ ਆਈ.ਈ.ਡੀ. ਕੰਪੋਨੈਂਟ ਅਧੀਨ ਸਮਾਨ ਵੰਡ ਕੈਂਪ (Aids Distribution Camps) ਲਗਾਉਣ ਸਬੰਧੀ ਹਦਾਇਤਾਂ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਤੁਹਾਨੂੰ ਪਤਾ ਹੋਵੇਗਾ ਕਿ ਸਰਵ ਸਿੱਖਿਆ ਅਭਿਆਨ ਅਧੀਨ ਮਈ 2011 ਵਿੱਚ ਸਮੂਹ ਜ਼ਿਲ੍ਹਿਆਂ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਅਸੈਸਮੈਂਟ ਕੈਂਪ ਲਗਾਏ ਗਏ ਸਨ। ਜਿਹਨਾਂ ਬੱਚਿਆਂ ਨੂੰ ਡਾਕਟਰ ਵੱਲੋਂ ਸਹਾਇਤਾ ਉਪਕਰਣ prescribe ਕੀਤੇ ਗਏ ਸਨ, ਉਹਨਾਂ ਨੂੰ ਇਹ ਲੋੜੀਂਦੇ ਉਪਰਕਣ ਵੰਡਣ ਲਈ ਹੁਣ ਸਮਾਨ ਵੰਡ (distribution) ਕੈਂਪ ਲਗਾਏ ਜਾਣੇ ਹਨ। ਇਹ ਕੈਂਪ 15 ਫਰਵਰੀ, 2012 ਤੋਂ ਲਗਾਏ ਜਾਣਗੇ। ਇਹਨਾਂ ਦੇ schedule ਦੀ ਜ਼ਿਲ੍ਹਾਵਾਰ ਸੂਚੀ ਪਹਿਲਾਂ ਹੀ ਸਾਰੇ ਜ਼ਿਲ੍ਹਿਆਂ ਨੂੰ ਭੇਜੀ ਜਾ ਚੁੱਕੀ ਹੈ ਅਤੇ ਇਸ ਪੱਤਰ ਨਾਲ ਅਨੁਲੱਗ 'ਅ' ਵੱਜੋਂ ਨੱਥੀ ਹੈ।

3.0 ਇਹਨਾਂ ਕੈਂਪਾਂ ਵਿੱਚ 6-14 ਸਾਲ ਦੀ ਉਮਰ ਗੁੱਟ ਦੇ ਕੇਵਲ ਉਹਨਾਂ ਬੱਚਿਆਂ ਨੂੰ ਹੀ ਬੁਲਾਇਆ ਜਾਵੇ ਜਿਹਨਾਂ ਨੂੰ ਕੋਈ ਸਹਾਇਤਾ ਉਪਕਰਣ ALIMCO ਵੱਲੋਂ ਦਿੱਤਾ ਜਾਣਾ recommend ਹੋਇਆ ਹੈ। ਇਹਨਾਂ ਲਾਭਪਾਤਰੀ ਬੱਚਿਆਂ ਦੀ block-wise ਸੂਚੀ ਸਾਰੇ ਜ਼ਿਲ੍ਹਿਆਂ ਕੋਲ ਮੌਜੂਦ ਹੈ, ਜਿਸ ਅਨੁਸਾਰ ਹੀ ਬੱਚਿਆਂ ਨੂੰ ਕੈਂਪ ਤੇ ਬੁਲਾਇਆ ਜਾਵੇ।

4.0 ਜਿਹੜੇ ਬੱਚਿਆਂ ਨੂੰ caliper ਅਤੇ ਨਕਲੀ ਅੰਗ fit ਕੀਤੇ ਜਾਣੇ ਹਨ, ਉਹਨਾਂ ਲਈ ਹਰ ਕੈਂਪ ਵਿੱਚ ਵੱਖ ਤੋਂ ਇੱਕ ਕਾਊਂਟਰ ਲਗਾਇਆ ਜਾਵੇ ਜਿੱਥੇ ਦੋ ਸਿਆਣੇ ਆਈ.ਈ.ਆਰ.ਟੀ./ਡੀ.ਐਸ.ਈ. ਹਰ ਵੇਲੇ ਮੌਜੂਦ ਰਹਿਣ। ਕਿਉਂਕਿ ਇਹ ਕੈਂਪ ਬੱਚਿਆਂ ਦੀ assessment ਹੋਣ ਤੋਂ ਕਾਫੀ ਸਮੇਂ ਬਾਅਦ ਲਗਾਏ ਜਾ ਰਹੇ ਹਨ, ਇਸ ਲਈ ਮੁਮਕਿਨ ਹੈ ਕਿ 8 ਮਹੀਨਿਆਂ ਵਿੱਚ ਬੱਚਿਆਂ ਦਾ shoe size ਆਦਿ ਛੋਟਾ/ਵੱਡਾ ਹੋ ਗਿਆ ਹੋਵੇਗਾ। ਇਸ ਲਈ ਇਹ ensure ਕਰਨਾ ਜ਼ਰੂਰੀ ਹੈ ਕਿ ਬੱਚੇ ਨੂੰ ਦਿੱਤਾ ਗਿਆ caliper ਜਾਂ ਨਕਲੀ ਅੰਗ ਸਹੀ ਤਰੀਕੇ ਨਾਲ ਬੱਚੇ ਨੂੰ size ਅਨੁਸਾਰ fit ਹੁੰਦਾ ਹੋਵੇ ਅਤੇ ਬੱਚੇ ਨੂੰ ਉਸ ਉਪਕਰਣ ਦੀ ਸਹਾਇਤਾ ਨਾਲ ਤੁਰਨ ਦੀ ਵਿਧੀ ਵੀ ਦੱਸੀ ਜਾਵੇ ਅਤੇ ਬੱਚੇ ਨੂੰ ਤੋਰ ਕੇ ਵੀ ਦੇਖਿਆ ਜਾਵੇ। ਜੇਕਰ ਬੱਚੇ ਨੂੰ caliper/artificial limb ਸਹੀ ਢੰਗ ਨਾਲ fit ਨਹੀਂ ਹੁੰਦਾ ਹੈ ਤਾਂ ਉਹ ਉਪਕਰਣ ਬੱਚੇ ਨੂੰ ਨਾ ਦਿੱਤਾ ਜਾਵੇ। ਅਜਿਹੇ ਬੱਚਿਆਂ ਦਾ ਨਾਪ ALIMCO technicians ਦੋਬਾਰਾ ਤੋਂ ਉਸੇ ਕੈਂਪ ਵਿੱਚ ਹੀ ਲੈਣਗੇ ਅਤੇ ਇਹਨਾਂ ਬੱਚਿਆਂ ਨੂੰ ਅਪ੍ਰੈਲ 2012 ਵਿੱਚ ਇਹ ਉਪਕਰਣ ਸਹੀ ਨਾਪ ਨਾਲ ਮੁੜ

ਤੋਂ ਬਣਾ ਕੇ ਮੁਹੱਈਆ ਕਰਵਾਏ ਜਾਣਗੇ। ਇਸ ਸਬੰਧੀ ਮੁੱਖ ਦਫ਼ਤਰ ਸਰਵ ਸਿੱਖਿਆ ਅਭਿਆਨ ਵੱਲੋਂ ਪਹਿਲਾਂ ਹੀ ALIMCO ਨਾਲ ਗੱਲ ਕੀਤੀ ਜਾ ਚੁੱਕੀ ਹੈ।

5.0 ਹਰ ਇੱਕ ਬੱਚੇ ਨੂੰ ਸਹਾਇਤਾ ਸਮੱਗਰੀ ਦੇਣ ਸਮੇਂ ਬੱਚੇ ਦੇ ਮਾਤਾ-ਪਿਤਾ ਜਾਂ guardian ਤੋਂ ADIP Form ਅਤੇ ਰਜਿਸਟਰ ਵਿੱਚ receiving ਜ਼ਰੂਰ ਲਈ ਜਾਵੇ ਤਾਂ ਜੋ stock register ਸਹੀ ਢੰਗ ਨਾਲ maintain ਕੀਤਾ ਜਾਵੇ।

6.0 ਡਿਸਟ੍ਰੀਬਿਉਸ਼ਨ ਕੈਂਪ ਲਗਾਉਣ ਤੋਂ ਪਹਿਲਾਂ ਜੋ ਵੀ ਪ੍ਰਬੰਧ ਕੀਤੇ ਜਾਣੇ ਹਨ ਉਹਨਾਂ ਸਬੰਧੀ ਹਦਾਇਤਾਂ <u>ਅਨੁਲੱਗ 'ੳ'</u> ਵੱਜੋਂ ਇਸ ਪੱਤਰ ਨਾਲ ਨੱਥੀ ਹਨ।

7.0 <u>ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)</u> ਵੱਲੋਂ ਡਿਸਟ੍ਰੀਬਿਉਸ਼ਨ ਕੈਂਪਾਂ ਨੂੰ ਸਫਲ ਬਣਾਉਣ ਲਈ ਸਰਵ ਸਿੱਖਿਆ ਅਭਿਆਨ ਦੇ ਸਟਾਫ ਦੀ ਹਰ ਮੁਮਕਿਨ ਮਦਦ ਕੀਤੀ ਜਾਵੇ। ਜਿਹਨਾਂ ਸਕੂਲਾਂ ਵਿੱਚ ਸਮਾਨ ਵੰਡ ਕੈਂਪ ਲਗਾਏ ਜਾਣੇ ਹਨ, ਉਹ ਜ਼ਿਆਦਾਤਰ ਸੀਨੀਅਰ ਸੈਕੰਡਰੀ ਸਕੂਲ ਹੀ ਹਨ। ਇਸ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਕੈਂਪਾਂ ਵਾਲੇ ਸਬੰਧਿਤ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਕੈਂਪਾਂ ਦੀ ਤਿਆਰੀ ਵਿੱਚ ਪੂਰਨ ਸਹਿਯੋਗ ਦੇਣ ਲਈ ਆਪਣੇ ਵੱਲੋਂ ਵਿਸ਼ੇਸ਼ ਹਦਾਇਤਾਂ ਜਾਰੀ ਕਰਨ।

8.0 ਕਿਰਪਾ ਕਰਕੇ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ ਕਿ ਕੈਂਪਾਂ ਸਬੰਧੀ ਸਾਰਾ ਪ੍ਰਬੰਧ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਅਨੁਸਾਰ "ਸਰਵ ਸਿੱਖਿਆ ਅਭਿਆਨ ਵਿੱਤ ਅਤੇ ਪ੍ਰੋਕਿਉਰਮੈਂਟ ਮੈਨੁਅੱਲ" ਦੀਆਂ ਹਦਾਇਤਾਂ ਅਨੁਸਾਰ ਹੀ ਕੀਤਾ ਜਾਵੇ। ਆਈ.ਈ.ਡੀ. ਕੰਪੋਨੈਂਟ ਅਧੀਨ ਮਿਲੀ ਰਾਸ਼ੀ ਸਹੀ ਢੰਗ ਨਾਲ ਖਰਚੀ ਜਾਵੇ ਅਤੇ ਫਜ਼ੂਲ ਖਰਚੀ ਤੋਂ ਗੁਰੇਜ਼ ਕੀਤਾ ਜਾਵੇ।

9.0 **ਇਹ ਵਿਸ਼ੇਸ਼ ਤੌਰ ਤੇ ਲਿਖਿਆ ਜਾਂਦਾ ਹੈ ਕਿ ਸਮੂਹ ਗਤੀਵਿਧੀਆਂ ਚੋਣ ਜਾਪਤਾ ਦੀਆਂ ਧਾਰਾਵਾਂ ਦੇ ਅੰਦਰ ਹੀ ਸੀਮਿਤ ਰੱਖੀਆਂ ਜਾਣ ਅਤੇ ਕਿਸੇ ਵੀ ਤਰਾਂ ਚੋਣ ਜਾਪਦੇ ਦੀ ਉਲੰਘਣਾ ਨਾ ਕੀਤੀ ਜਾਵੇ।**

10.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਸਮਾਨ ਵੰਡ ਕੈਂਪਾਂ ਨੂੰ ਸਫਲ ਬਣਾਉਣ ਅਤੇ ਸਾਰੇ ਲਾਭਪਾਤਰੀਆਂ ਤੱਕ ਲੋੜੀਂਦਾ ਸਮਾਨ ਪਹੁੰਚਾਉਣ ਲਈ ਭਰਪੂਰ ਉਪਰਾਲੇ ਕੀਤੇ ਜਾਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਆਈ.ਈ.ਡੀ./ਸਸਅ/2012/ 73762-781, ਮਿਤੀ: 08-02-2012

ਉਪਰੋਕਤ ਦਾ ਉਤਾਰਾ ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**